ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ 'ਚ 'ਕਾਲ' ਤੋਂ 'ਅਕਾਲ' ਦੀ ਯਾਤਰਾ

**ਬਲਵਿੰਦਰ ਸਿੰਘ ਥਿੰਦ**

ਮੁਖੀ, ਪੋਸਟ ਗ੍ਰੈਜੂਏਟ
ਪੰਜਾਬੀ ਵਿਭਾਗ, ਗੁਰੂ ਨਾਨਕ ਖਾਲਸਾ ਕਾਲਜ, ਡਰੋਲੀ ਕਲਾਂ (ਜਲੰਧਰ)

**ABSTRACT**

ਇਹ ਪ੍ਰਮਾਣਿਕ ਤੱਥ ਹੈ ਕਿ ਸ਼ਹਾਦਤ ਦੇ ਪ੍ਰਸੰਗ ਵਿਚ ਜਦੋਂ ਵਿਸ਼ਵ ਇਤਿਹਾਸ ਦਾ ਅਧਿਐਨ ਕਰਦੇ ਹਾਂ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸਥਾਨ, ਸ਼ਹਾਦਤ ਅਤੇ ਮਹਿਮਾ ਨਿਰਾਲੀ ਹੈ। ਨਿਰਾਲੀ ਮਹਿਮਾ ਦਾ ਰਹੱਸ ਇਸ ਪ੍ਰਮਾਣ ਵਿਚ ਹੈ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਪਰਉਪਕਾਰ ਲਈ ਹੈ। ਪਰਉਪਕਾਰ ਦਾ ਕਰਤਾਰੀ ਕਰਮ ਸਵੈ ਜਾਂ ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵੀ ਹੱਕਾਂ ਦੀ ਰਖਵਾਲੀ ਅਤੇ ਧਰਮ ਦੀ ਆਜ਼ਾਦੀ ਖ਼ਾਤਰ ਹੈ। 'ਹਿੰਦ ਦੀ ਤਵਾਰੀਖ਼' ਦੇ ਸੁਨਹਿਰੀ ਪੰਨਿਆਂ ਵਿਚ ਦਰਜ ਗੁਰੂ ਤੇਗ਼ ਬਹਾਦਰ ਸਾਹਿਬ ਦੀ ਗੌਰਵਮਈ ਸ਼ਹਾਦਤ ਨੇ 'ਧਰਮ' ਨੂੰ ਸਹੀ ਅਰਥਾਂ ਵਿਚ ਪਰਿਭਾਸ਼ਿਤ ਕੀਤਾ ਹੈ। ਮੁਗ਼ਲ ਹਕੂਮਤ ਦੇ ਨਿਰਦਈ ਤੂਫ਼ਾਨ ਮੂਹਰੇ ਗੁਰੂ ਸਾਹਿਬ ਨੇ 'ਧਰਮ' ਅਤੇ 'ਸੱਚ' ਦੀ ਜੋਤ ਜਗਾਈ ਹੈ। ਸੱਚ ਦੀ ਇਸ ਦੈਵੀ ਜੋਤ ਦੀ ਲੋਅ ਵਿਚ ਗ਼ੁਲਾਮ ਲੋਕਾਈ ਨੂੰ ਆਜ਼ਾਦੀ ਦੇ ਮਾਰਗ 'ਤੇ ਤੋਰਨ ਲਈ ਸ਼ਹਾਦਤ ਦੇ ਕੇ ਪੂਰਨੇ ਪਾਏ ਹਨ। ਜੀਵਨ ਦਾ ਸਬੱਬ ਬਣੇ ਇਨ੍ਹਾਂ ਪੂਰਨਿਆਂ ਸਦਕਾ ਭਟਕੇ ਰਾਹੀਆਂ ਨੂੰ ਜੀਵਨ ਦਾ ਮਸਕਦ ਅਤੇ ਮੰਜ਼ਿਲ ਹਾਸਿਲ ਹੋਈ ਹੈ। ਮਜ਼੍ਹਬੀ ਕੱਟੜਤਾ ਦੀਆਂ ਦੀਵਾਰਾਂ 'ਚ ਕੈਦ ਤਪਦੀਆਂ ਰੂਹਾਂ (ਕਸ਼ਮੀਰੀ ਪੰਡਿਤਾਂ) ਦੀ ਗੁਰੂ ਸਾਹਿਬ ਨੇ ਫ਼ਰਿਆਦ ਸੁਣੀ ਹੈ। ਫ਼ਰਿਆਦੀਆਂ ਦੀ ਪਹਿਰੇਦਾਰੀ ਕਰਦਿਆਂ ਜ਼ਾਬਰ ਨਿਜ਼ਾਮ ਦੇ ਜ਼ਬਰ ਨੂੰ ਬੇਬਾਕੀ ਨਾਲ ਵੰਗਾਰਿਆ ਹੈ। ਇਸ ਵੰਗਾਰ ਦਾ ਅੰਜ਼ਾਮ ਪ੍ਰਤੱਖ ਹੋਣ ਦੇ ਬਾਵਜੂਦ 300 ਮੀਲਾਂ ਦਾ ਸਫ਼ਰ ਪੈਦਲ ਗਾਹੁੰਦਿਆਂ ਜਰਵਾਣੇ ਕਾਤਲ (ਔਰੰਗਜ਼ੇਬ) ਕੋਲ ਕੁਰਬਾਨ ਹੋਣ ਲਈ ਖ਼ੁਦ ਜਾਂਦੇ ਹਨ। ਸਵੈ ਕੁਰਬਾਨੀ ਦਾ ਇਹ ਕਰਤਾਰੀ ਕਰਮ ਕਰਦਿਆਂ ਗੁਰੂ ਤੇਗ਼ ਬਹਾਦਰ ਸਾਹਿਬ ਨਿਤਾਣਿਆਂ ਦੇ ਤਾਣ, ਨਿਮਾਣਿਆਂ ਦੇ ਮਾਣ, ਨਿਆਸਰਿਆਂ ਦੇ ਆਸਰੇ ਤੇ ਨਿਓਟਿਆਂ ਦੀ ਓਟ ਬਣੇ ਹਨ। ਅਜਿਹੀ ਓਟ ਨੂੰ ਪ੍ਰਣਾਈ ਆਤਮਾ ਹੀ 'ਬੰਧਨ' ਤੋਂ 'ਮੁਕਤ' ਹੋਣ ਦਾ ਪ੍ਰਤਿਮਾਨ ਸਿਰਜ ਸਕਦੀ ਹੈ। ਪ੍ਰਤੱਖ ਹੈ ਕਿ ਗੁਰੂ ਸਾਹਿਬ ਵੱਲੋਂ 'ਬੰਧਨ' ਤੋਂ 'ਮੁਕਤ' ਦਾ ਸਿਰਜਿਆ ਪ੍ਰਤਿਮਾਨ ਭਵਿੱਖ ਵਿਚ ਕੌਮ ਦੀਆਂ ਪਗਡੰਡੀਆਂ ਨੂੰ ਸ਼ਾਹਮਾਰਗ ਬਣਾਉਂਦਾ ਹੈ। ਇਨ੍ਹਾਂ ਪਗਡੰਡੀਆਂ 'ਤੇ ਤੁਰਦਿਆਂ ਪਾਂਧੀ 'ਕਾਲ' ਤੋਂ 'ਅਕਾਲ' ਦੀ ਯਾਤਰਾ ਕਰਦਾ ਹੈ। ਦਰਅਸਲ 'ਕਾਲ' ਬੰਧਨ ਹੈ ਅਤੇ 'ਅਕਾਲ' ਮੁਕਤੀ ਹੈ। ਬੰਧਨ ਤੋਂ ਮੁਕਤ ਹੋਏ ਬਿਨਾਂ 'ਅਕਾਲ' ਵਿਚ ਅਭੇਦ ਹੋਣਾ ਅਸੰਭਵ ਹੈ।

**Keywords:** 'ਸ਼ਾਸਤਰ' ਤੋਂ 'ਸ਼ਸਤਰ', 'ਭਗਤੀ' ਤੋਂ 'ਸ਼ਕਤੀ', 'ਸੰਤ' ਤੋਂ 'ਸਿਪਾਹੀ', 'ਬੰਧਨ' ਤੋਂ 'ਮੁਕਤ' ਅਤੇ 'ਕਾਲ' ਤੋਂ 'ਅਕਾਲ' ਦੀ ਯਾਤਰਾ

ਹਥਲੇ ਖੋਜ ਨਿਬੰਧ ਦੇ ਸਿਰਲੇਖ ''ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ 'ਚ 'ਕਾਲ' ਤੋਂ 'ਅਕਾਲ' ਦੀ ਯਾਤਰਾ'' ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਗੁਰਮਤਿ ਵਿਚਾਰਧਾਰਾ ਦੀ ਬੁਨਿਆਦ 'ਨਾਨਕ ਜੋਤ' ਦੇ ਨਾਮ ਸਿਧਾਂਤ ਉਪਰ ਟਿਕੀ ਹੋਣ ਕਾਰਨ ਜਿੱਥੋ ਪ੍ਰੇਮਾ ਭਗਤੀ ਦਾ ਮਾਰਗ ਉਸਾਰਦੀ ਹੈ, ਉਥੇ ਮਨੁੱਖ ਨੂੰ ਹਉਮੈ/ ਹੰਕਾਰ ਅਤੇ ਹੁਕਮ ਦੀ ਪਛਾਣ ਕਰਵਾ ਕੇ ਆਤਮ ਬਲ ਬਖਸ਼ਦੀ ਹੈ। ਗੁਰਮਤਿ ਵਿਚਾਰਧਾਰਾ ਕੁਲੀਨ ਵਰਗ ਦੇ ਵਿਰੋਧ ਵਿਚ ਉਭਰਨ ਵਾਲੀ ਹੋਣ ਕਾਰਨ ਲਿਤਾੜੇ, ਦਬੇ ਅਤੇ ਦਲਿਤ ਪੱਖੀ ਹੈ ਅਤੇ ਸ਼੍ਰੇਣਿਕ ਸਮਾਜ ਨੂੰ ਰੱਦ ਕਰਦੀ ਹੋਈ ਖਾਲਸ ਭਾਵ ਸੱਚਾ-ਸੁੱਚਾ ਅਤੇ ਹਲੀਮੀ ਰਾਜ ਦਾ ਸੰਕਲਪ ਉਸਾਰਦੀ ਹੈ। ਇਹ ਵਿਚਾਰਧਾਰਾ ਜ਼ਿੰਦਗੀ ਤੋਂ ਭਗੌੜਾਵਾਦੀ ਨਾ ਹੋ ਕੇ ਸਮਾਜ ਅਤੇ ਸਰੀਰ ਵਿਚ ਰਹਿੰਦਿਆਂ 'ਕਾਲ' ਤੋਂ 'ਅਕਾਲ' ਵਿਚ ਅਭੇਦ ਹੋਣ ਦੀ ਜੁਗਤਿ ਦਸਦੀ ਹੈ। ਇਹੀ ਕਾਰਨ ਹੈ ਕਿ ਨਾਨਕ ਨਾਮ ਲੇਵਾ ਜੋਤ ਦੇ ਪਾਂਧੀ 'ਭਗਤੀ' ਵਿਚੋਂ 'ਸ਼ਕਤੀ' ਹਾਸਲ ਕਰਕੇ 'ਸੰਤ' ਤੋਂ 'ਸਿਪਾਹੀ' ਬਣੇ ਹਨ। ਨਾਨਕ ਜੋਤ ਦਾ ਸੰਦੇਸ਼ ਹੈ, 'ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ।।' ਗੁਰੂ ਸਾਹਿਬ ਨੇ ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਦੀ ਆਜ਼ਾਦੀ ਦੇ ਮੁਦਈ ਹੁੰਦਿਆਂ ਹਿੰਦੁਸਤਾਨ ਦੀ ਮੁਰਦਾ ਹੋਈ ਲੋਕਾਈ ਨੂੰ ਸਹੀ ਅਰਥਾਂ ਵਿਚ ਜੀਵਨ ਜਿਊਣ ਦੀ ਜਾਚ ਅਤੇ ਜੁਗਤ ਦੱਸੀ ਹੈ। ਇਸ ਜੁਗਤ ਦਾ ਰਹੱਸ ਜ਼ਬਰ ਦੇ ਵਿਰੋਧ ਵਿਚ ਖੜਨਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਘਟਨਾ ਦੇ ਪਿਛੋਕੜ ਵਿਚ 'ਤਿਲਕ ਜੰਞੂ ਦੀ ਰੱਖਿਆ' ਭਾਵੇਂ ਇਕ ਕਾਰਨ ਬਣਿਆ ਹੈ ਪਰ ਅਸਲ ਵਿਚ ਗੁਰੂ ਸਾਹਿਬ ਜੀ ਦਾ ਵਿਰੋਧ ਤਾਂ ਜ਼ਬਰ ਨਾਲ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਮੂਲ ਕਾਰਨ ਜ਼ਬਰੀ ਉਤਾਰੇ ਜਾ ਰਹੇ ਜਨੇਊ ਦਾ ਵਿਰੋਧ ਕਰਨਾ ਸੀ। ਜਨੇਊ ਦੇ ਪ੍ਰਸੰਗ ਵਿਚ ਧਿਆਨ ਦੇਣ ਯੋਗ ਨੁਕਤਾ ਹੈ ਕਿ ਪਹਿਲੀ ਜੋਤ ਗੁਰੂ ਨਾਨਕ ਸਾਹਿਬ ਜੀ ਵੱਲੋਂ ਪ੍ਰੰਪਰਿਕ 'ਜਨੇਊ' ਦਾ ਖੰਡਨ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਪਾਂਡੇ ਨੂੰ ਇਉਂ ਸਵਾਲ ਕਰਦੇ ਹਨ;

> ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
> ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
> ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
> ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ [1]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਦਰਅਸਲ ਇਸ ਖੰਡਨ ਰਾਹੀਂ ਗੁਰੂ ਨਾਨਕ ਸਾਹਿਬ ਵੱਲੋਂ ਲੋਕਾਈ ਲਈ ਜਿਥੇ ਜ਼ਮੀਰ ਨੂੰ ਪਛਾਣਨ ਵਾਲੇ ਜਨੇਊ ਦਾ ਸੰਕਲਪ ਉਸਾਰਿਆ ਗਿਆ ਹੈ, ਉਥੇ 'ਨਾਨਕ' ਵਿਚਾਰਧਾਰਾ ਨੂੰ ਪ੍ਰਣਾਈ ਨੌਵੀਂ ਜੋਤ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਜਨੇਊ ਦੀ ਰਖਵਾਲੀ ਲਈ ਸ਼ਹਾਦਤ ਦਿੱਤੀ ਜਾ ਰਹੀ ਹੈ, ਆਪਾ ਵਾਰ ਰਹੇ ਹਨ। ਇੱਥੇ ਵਖਰੇਵਾਂ ਵਿਚਾਰਧਾਰਾ ਦਾ ਨਹੀਂ ਬਲਕਿ 'ਜ਼ਬਰ' ਦਾ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਜਨੇਊ ਨੂੰ ਜ਼ਬਰੀ ਪਾਉਣ ਦਾ ਖੰਡਨ ਕਰਦੇ ਹਨ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜਨੇਊ ਜ਼ਬਰੀ ਲਾਹੁਣ ਦਾ ਵਿਰੋਧ ਕਰਦੇ ਹਨ। ਵਿਚਾਰਧਾਰਕ ਦੇ ਪੱਧਰ 'ਤੇ 'ਨਾਨਕ ਜੋਤ' ਅਨਿਆਂ ਵਿਰੋਧੀ ਹੋਣ ਕਰਕੇ ਮਜ਼ਲੂਮ ਧਿਰ ਦੇ ਪੱਖ ਵਿਚ ਹੈ ਅਤੇ ਇਸ ਵਿਚਾਰਧਾਰਾ ਦੇ ਪਾਂਧੀ ਤੇ ਪੈਰੋਕਾਰ ਮਜ਼ਲੂਮ ਧਿਰ ਦੇ ਹੱਕ ਵਿਚ ਖੜਦੇ ਹੋਏ ਅੜਦੇ ਅਤੇ ਲੜਦੇ ਹੋਏ ਪ੍ਰਭੂ ਭਾਣੇ ਵਿਚ ਸ਼ਹਾਦਤ ਦਾ ਜ਼ਾਮ ਪੀਂਦੇ ਹਨ।

ਗੁਰਮਤਿ ਵਿਚਾਰਧਾਰਾ ਮੁਤਾਬਿਕ ਕਾਲ 'ਬੰਧਨ' ਹੈ ਅਤੇ ਅਕਾਲ 'ਮੁਕਤੀ' ਹੈ। ਜ਼ਬਰ/ਜ਼ੁਲਮ ਨੂੰ ਸਹਿਣ ਕਰਨ ਦੇ ਸਾਏ ਹੇਠ ਜੂਨ ਭੋਗ ਰਿਹਾ ਪ੍ਰਾਣੀ ਕਾਲ/ਬੰਧਨ ਵਿਚ ਹੈ। ਦਰਅਸਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਆਸ਼ਾ 'ਬੰਧਨ' ਤੋਂ 'ਮੁਕਤੀ' ਦੇ ਸੰਦੇਸ਼ ਰਾਹੀਂ ਗੁਰਮੁਖ ਨੂੰ 'ਕਾਲ' ਤੋਂ 'ਅਕਾਲ' ਦੀ ਯਾਤਰਾ ਕਰਵਾਉਣਾ ਹੈ। ਬਾਣੀ ਪ੍ਰਵਚਨਾਂ ਵਿਚਲੇ ਇਲਾਹੀ ਸੰਦੇਸ਼ 'ਬੰਧਨ' ਰੂਪੀ ਕਾਲ ਤੋਂ 'ਮੁਕਤ' ਹੁੰਦਿਆਂ ਅਕਾਲ ਵਿਚ ਅਭੇਦ ਹੋਣ ਦੀ ਹੀ ਸੋਝੀ ਕਰਵਾਉਂਦੇ ਹਨ। 'ਤਿਲਕ ਜੰਞੂ ਦੀ ਰੱਖਿਆ' ਕਰਨਾ ਤਾਂ ਇਕ ਘਟਨਾ ਸੀ, ਅਸਲ ਵਿਚ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਦਾ ਮੂਲ ਆਸ਼ਾ ਹਿੰਦੁਸਤਾਨ ਦੀ ਬਲਹੀਣ ਹੋਈ ਲੋਕਾਈ ਨੂੰ 'ਬੰਧਨ-ਮੁਕਤਿ' ਕਰਨ ਦਾ ਸੀ। ਧਰਮ ਦੇ ਇਸ ਕਾਰਜ ਵਿਚ ਮੁਕਤੀਦਾਤੇ ਦਾ ਭਰੋਸਾ 'ਨਾਨਕ ਜੋਤ' ਉਪਰ ਹੈ, ਕਿਉਂਕਿ ਵਿਚਾਰਧਾਰਾ ਦੀ ਪੱਧਰ 'ਤੇ 'ਨਾਨਕ ਜੋਤ' ਨਾਲ ਪ੍ਰੇਮ ਕਰਨ ਦੀ ਪਹਿਲੀ ਸ਼ਰਤ ਹੀ ਤਲੀ 'ਤੇ ਸਿਰ ਟਿਕਾਉਣ ਦੀ ਹੈ। ਗੁਰਵਾਕ ਹੈ;

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ॥ [2]

ਦਰਅਸਲ ਜ਼ੁਲਮ ਵਿਰੁਧ ਪਰਉਪਕਾਰ ਲਈ ਕੁਰਬਾਨ ਹੋਇਆ 'ਸਿਰ' ਹੀ 'ਸੀਸ' ਸ਼ਬਦ ਦੀ ਵਡਿਆਈ ਨਾਲ ਸਤਿਕਾਰਿਆ ਜਾਂਦਾ ਹੈ ਅਤੇ ਜ਼ੁਲਮ ਵਿਰੁੱਧ ਘੋਲ ਕਰਨ ਵਾਲੀ ਜਗ੍ਹਾ 'ਸਾਹਿਬ' ਤਖ਼ੱਲਸ (ਆਨੰਦਪੁਰ ਸਾਹਿਬ) ਰਾਹੀਂ ਸਤਿਕਾਰੀ ਗਈ ਹੈ। ਅਸਲ ਵਿਚ ਭਾਰਤ ਦੇ ਇਤਿਹਾਸ ਵਿਚ ਸਿੱਖ ਧਰਮ ਦਾ ਉਦੈ ਹੋਣਾ ਅਤੇ ਫਿਰ ਇਸ ਧਰਮ ਦੀਆਂ ਮਰਿਯਾਦਾਵਾਂ 'ਤੇ ਖਾਲਸਾ ਪੰਥ ਦੀ ਸਾਜਣਾ ਦੋ ਅਜਿਹੀਆਂ ਅਹਿਮ ਘਟਨਾਵਾਂ ਹਨ, ਜਿਨ੍ਹਾਂ ਨੇ ਹਿੰਦੁਸਤਾਨ ਦੀ ਹੋਣੀ ਨੂੰ ਰੌਸ਼ਨ ਭਵਿੱਖ ਦਿੱਤਾ ਹੈ। ਇਤਿਹਾਸ ਵਿਚ ਪਹਿਲੀ ਵਾਰ ਕਿਸੇ ਸੰਤ ਫ਼ਕੀਰ ਗੁਰੂ ਨੇ 'ਪਾਪ ਕੀ ਜੰਞ' ਦੇ ਮੁਹਾਵਰੇ ਰਾਹੀਂ ਜਦੋਂ ਵਕਤ ਦੇ ਜ਼ਾਲਮ ਰਾਜੇ ਬਾਬਰ ਨੂੰ ਜ਼ਾਬਰ ਕਿਹਾ ਸੀ ਤਾਂ ਭਵਿੱਖ ਤੈਅ ਕਰ ਦਿੱਤਾ ਸੀ ਕਿ ਇਸ ਵਿਚਾਰਧਾਰਾ ਦੇ ਪਾਂਧੀ ਧਰਮ ਅਤੇ ਧਰਤੀ ਦੇ ਅਸਲ ਪਹਿਰੇਦਾਰ ਬਣਨਗੇ। ਅਕਾਲਪੁਰਖ ਦੇ ਹੁਕਮ ਮੁਤਾਬਿਕ ਗੁਰੂ ਨਾਨਕ ਸਾਹਿਬ ਦੀ ਭੂਮਿਕਾ ਮੁਰਦਾ ਹੋਈ ਕੌਮ ਨੂੰ ਦੁਨਿਆਵੀ ਬੰਧਨਾਂ ਤੋਂ ਮੁਕਤ ਹੋਣ ਦੀ ਜੁਗਤ ਦੱਸਣ ਵਿਚ ਸੀ। ਇਸੇ ਲਈ ਤਾਂ ਉਨ੍ਹਾਂ ਦੇ ਬੋਲਾਂ ਵਿਚ 'ਰਾਜੇ ਸੀਹ ਮੁਕਦਮ ਕੁਤੇ' ਕਹਿਣ ਦੀ ਹਿੰਮਤ ਸੀ। ਗੁਰੂ ਨਾਨਕ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜਿਊਣ ਦਾ ਪੈਗ਼ਾਮ ਦਿੰਦਿਆਂ ਬੇਗ਼ੈਰਤ ਸ਼ਖ਼ਸ ਦੀ ਬੰਧਨ ਵਾਲੀ ਜ਼ਿੰਦਗੀ ਨੂੰ ਜਿਥੇ 'ਹਰਾਮ' ਆਖਿਆ, ਉਥੇ ਮੁਕਤੀ ਨੂੰ ਦਰਸਾਉਂਦਾ ਸ਼ਹਾਦਤ ਦਾ ਸੰਕਲਪ ਵੀ ਪੇਸ਼ ਕਰ ਦਿੱਤਾ। ਗੁਰਵਾਕ ਹੈ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।। ਨਾਨਕ ਅਵਰੁ ਨ ਜੀਵੈ ਕੋਇ॥

ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ॥

ਰਾਜਿ ਰੰਗੁ ਮਾਲਿ ਰੰਗੁ।। ਰੰਗਿ ਰਤਾ ਨਚੈ ਨੰਗੁ॥

ਨਾਨਕ ਠਗਿਆ ਮੁਠਾ ਜਾਇ।। ਵਿਣੁ ਨਾਵੈ ਪਤਿ ਗਇਆ ਗਵਾਇ॥੧॥ [3]

ਇਤਿਹਾਸ ਨੇ ਇਸ ਗੱਲ ਨੂੰ ਸਾਬਿਤ ਵੀ ਕਰ ਦਿੱਤਾ ਹੈ ਕਿ ਗੁਰੂ ਨਾਨਕ ਦੁਆਰਾ ਚਲਾਏ ਧਰਮ ਦੀ ਕੇਸਰ ਕਿਆਰੀ ਨੂੰ 'ਨਾਨਕ ਨਾਮ' ਲੇਵਿਆਂ ਦੁਆਰਾ ਖ਼ੂਨ ਨਾਲ ਸਿੰਜਿਆ ਹੋਣ ਕਰਕੇ ਸਿੱਖ ਧਰਮ ਦੀ ਪਛਾਣ ਸ਼ਹਾਦਤਾਂ ਦੇ ਝਰੋਖੇ ਵਿਚੋਂ ਹੋਈ ਹੈ। ਦਰਅਸਲ ਸ਼ਹਾਦਤ-ਵਿਸ਼ਵਾਸ, ਸਿਦਕ, ਨਿਰਵੈਰ, ਨਿਰਭਉ ਅਤੇ ਆਪਾ ਵਾਰਨ ਦਾ ਪ੍ਰਤੀਕ ਹੈ। ਜਿਹੜੇ ਮਨੁੱਖ ਆਪਣੀ ਜ਼ਿੰਦਗੀ ਵਿਚ ਅਣਖ, ਸੱਚ, ਸਵੈਮਾਨ, ਇਖਲਾਕ ਦੇ ਰਸਤੇ 'ਤੇ ਚਲਦਿਆਂ ਜ਼ੁਲਮ ਦੇ ਘੋਲ ਵਿਚ ਨਹੀਂ ਘੁਲ਼ਦੇ ਬਲਕਿ ਮੌਤ ਨੂੰ ਆਪ ਗਲ਼ੇ ਜਾ ਮਿਲਦੇ ਹਨ, ਅਜਿਹੇ ਲੋਕਾਂ ਨੂੰ ਸਬੰਧਿਤ ਕੌਮ ਦੇ ਇਤਿਹਾਸ ਵਿਚ 'ਸ਼ਹੀਦ' ਦੇ ਨਾਮ ਨਾਲ ਸਵੀਕਾਰਿਆ ਜਾਂਦਾ ਹੈ ਅਤੇ ਉਸ ਦੀ ਕੁਰਬਾਨੀ ਨੂੰ 'ਸ਼ਹਾਦਤ' ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ।

'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ: ''ਸ਼ਹਾਦਤ ਦੇਣ ਵਾਲਾ, ਗਵਾਹ, ਸਾਖੀ, ਧਰਮ-ਯੁੱਧ ਵਿਚ ਜੀਵਨ ਅਰਪਣ ਕਰਨ ਵਾਲਾ।''[4] ਇਸ ਤਰ੍ਹਾਂ 'ਸ਼ਹੀਦ' ਆਪਣੀ 'ਸ਼ਹਾਦਤ' ਦੇ ਕੇ ਆਪਣੇ ਅਕੀਦੇ ਦੀ ਗਵਾਹੀ ਦਾ ਸਬੂਤ ਖ਼ੁਦ ਦਿੰਦਾ ਹੈ। ਅਸਲ ਵਿਚ ਸ਼ਹਾਦਤ ਇਕ ਉਹ ਕਿਰਿਆ ਹੈ ਜੋ ਸ਼ਹੀਦ ਲਈ ਮੰਜ਼ਿਲ ਜਾਂ ਸ਼ਿਖਰ ਦੀ ਪ੍ਰਾਪਤੀ ਹੈ। ਬੁਜ਼ਦਿਲੀ ਦੀ ਮੌਤ ਹਰ ਦੇਸ਼, ਕੌਮ ਤੇ ਸਮਾਜ ਲਈ ਭਾਰੂ ਹੁੰਦੀ ਹੈ; ਜਦੋਂ ਕਿ ਸ਼ਹੀਦ ਆਪਣੇ ਪਿੱਛੇ ਸੁਨਹਿਰਾ ਇਤਿਹਾਸ, ਸੂਰਬੀਰਤਾ ਦੀ ਜਾਗ ਅਤੇ ਚੜ੍ਹਦੀਕਲਾ ਦਾ ਸੁਨੇਹਾ ਦੇ ਕੇ 'ਅਮਰ' ਹੋ ਜਾਂਦਾ ਹੈ। ਅਜਿਹੀ ਸ਼ਹਾਦਤ ਹੀ ਕਿਸੇ ਮਨੁੱਖ ਨੂੰ ਲੋਕ-ਪ੍ਰਲੋਕ ਵਿਚ ਇੱਜ਼ਤ ਦਾ ਹੱਕਦਾਰ ਭਾਵ 'ਬੰਧਨ-ਮੁਕਤਿ' ਬਣਾਉਂਦੀ ਹੈ। ਸ਼ਹੀਦ ਦੇ ਪੈਰੋਕਾਰਾਂ ਲਈ ਅਜਿਹੀ ਸ਼ਹਾਦਤ ਹੀ ਉਸ ਕੌਮ ਦੀ ਅਮਾਨਤ ਤੇ ਵਡਮੁੱਲਾ ਸ਼ਰਮਾਇਆ ਹੁੰਦੀ ਹੈ, ਜਿਸ ਨਾਲ ਉਸ ਕੌਮ/ਧਰਮ ਨੂੰ ਵਿਰਾਸਤੀ ਅਮੀਰੀ ਮਿਲਦੀ ਹੈ। ਇਸ ਬਿੰਦੂ ਉਪਰ ਉਹੀ ਪਹੁੰਚ ਸਕਦਾ ਹੈ ਜੋ ਧੁਰ ਅੰਦਰੋਂ ਜਾਗੇ ਹੋਏ ਹਨ ਅਤੇ ਪਹਿਲਾਂ ਮਰਨਾ ਜਾਣਦੇ


© Copyright @ Authors

ਹਨ। ਮੁਕਤੀ ਦੀ ਅਜਿਹੀ ਅਵਸਥਾ ਨੂੰ ਪ੍ਰਣਾਏ ਮਰਜੀਵੜਿਆਂ ਲਈ ਮੌਤ ਆਤਮਾ ਦੀ ਨਹੀਂ, ਬਲਕਿ ਸਰੀਰ ਦੀ ਹੈ; ਜਦਕਿ ਸਰੀਰ ਤਾਂ ਪਹਿਲਾਂ ਹੀ ਗੁਰੂ ਦੀ ਅਮਾਨਤ ਹੈ।

ਮੇਰੀ ਜਾਚੇ ਗੁਰਮਤਿ ਫਲਸਫ਼ੇ ਵਿਚ ਮੌਤ ਨੂੰ ਤਿੰਨ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ- ਪਹਿਲੀ 'ਸਰੀਰਕ ਮੌਤ' ਹੈ ਜੋ ਕੁਦਰਤੀ ਤੌਰ ਉਪਰ ਹਰੇਕ 'ਤੇ ਵਾਪਰਨੀ ਹੈ। ਦੂਜੀ ਆਤਮਿਕ ਭਾਵ 'ਜ਼ਮੀਰ ਦੀ ਮੌਤ' ਹੈ, ਜਿਸ ਮੌਤ ਨੂੰ ਗੁਰੂ ਅਰਜਨ ਸਾਹਿਬ ਨੇ 'ਸੁਖਮਨੀ' ਬਾਣੀ ਵਿਚ 'ਕਰਤੂਤਿ ਪਸੂ ਕੀ ਮਾਨਸ ਜਾਤਿ' ਕਿਹਾ ਹੈ। ਸਿੱਖ ਧਰਮ ਚਿੰਤਨ ਵਿਚ ਤੀਜੀ ਮੌਤ ਵਿਕਾਰਾਂ (ਕਾਮ, ਕ੍ਰੋਧ, ਮੋਹ, ਲੋਭ ਤੇ ਹੰਕਾਰ) ਦੀ ਮੌਤ ਹੈ। ਅਜਿਹੀ ਮੌਤ ਦੀ ਪ੍ਰਵਾਨਗੀ ਲਈ ਮਨ/ਵਿਕਾਰਾਂ 'ਤੇ ਜਿੱਤ ਹਾਸਲ ਕਰਨੀ ਪਹਿਲੀ ਸ਼ਰਤ ਹੈ। 'ਮਨਿ ਜੀਤੈ ਜਗੁ ਜੀਤੁ' ਇਸੇ ਤਰਕ ਦੀ ਸੋਝੀ ਕਰਵਾਉਂਦਾ ਹੈ। ਗੁਰਮਤਿ ਫਲਸਫ਼ੇ ਮੁਤਾਬਿਕ ਇਸ ਸ਼੍ਰੇਣੀ ਨੂੰ ਪ੍ਰਣਾਈ ਮੌਤ ਵਿਚੋਂ ਹੀ ਸਦੀਵੀ ਜੀਵਨ ਹਾਸਲ ਹੈ। ਇਸ ਅਮਰ ਪਦ 'ਤੇ ਪਹੁੰਚੀ ਰੂਹ ਸਰੀਰਕ ਤੌਰ 'ਤੇ ਮਰ ਕੇ ਵੀ ਜਿਉਂਦੀ ਹੈ। ਜਗਤ ਦੀ ਪ੍ਰਵਾਨਗੀ ਵਿਚ ਇਸ ਮੰਜ਼ਿਲ 'ਤੇ ਪਹੁੰਚੀ ਆਤਮਾ 'ਮਰਜੀਵੜਾ' ਅਖਵਾਉਂਦੀ ਹੈ ਭਾਵ ਜੋ ਮਰ ਕੇ ਵੀ ਜਿਉਂਦਾ ਹੈ। ਭਗਤ ਕਬੀਰ ਸਾਹਿਬ ਜੀ ਅਜਿਹੀ ਮੌਤ ਵਿਚੋਂ 'ਪੂਰਨੁ ਪਰਮਾਨੰਦੁ' ਅਤੇ 'ਬਹੁਰਿ ਨ ਮਰਨਾ ਹੋਇ' ਅਵੱਸਥਾ ਨੂੰ ਇਉਂ ਪਰਿਭਾਸ਼ਿਤ ਕਰਦੇ ਹਨ;

> ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
>
> ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥
>
> ----------------------
>
> ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥
>
> ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥੨੯॥ [5]

ਇਸ ਤਰ੍ਹਾਂ 'ਅਕਾਲ' ਰੂਪ 'ਮੁਕਤਿ' ਤੱਕ ਪਹੁੰਚਣ ਲਈ ਸ਼ਹੀਦ 'ਕਾਲ' ਰੂਪ 'ਬੰਧਨ' ਨੂੰ ਪਾਰ ਕਰਦਾ ਹੈ। 'ਜਪੁ' ਬਾਣੀ ਵਿਚਲੇ 'ਪੰਜ ਖੰਡ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡਿ)' ਪੜਾਅ-ਵਾਰ ਜਿਗਿਆਸੂ ਨੂੰ 'ਬੰਧਨ ਤੋਂ ਮੁਕਤਿ' ਹੋਣ ਦੀ ਸਹਿਜ ਜੁਗਤ ਦੱਸਦੇ ਹਨ। ਸਿੱਖ ਧਰਮ ਸ਼ਾਸਤਰ ਵਿਚ ਸਰੀਰਕ ਸ਼ਹਾਦਤ ਤੋਂ ਪਹਿਲਾਂ ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਰੱਖਦਿਆਂ ਹੋਇਆਂ ਵਿਕਾਰਾਂ ਨੂੰ ਮਾਰਨ ਦਾ ਸੰਕੇਤ ਹੈ। ਪੰਜ ਵਿਕਾਰਾਂ (ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ) ਨੂੰ ਮਾਰਨਾ ਵੀ ਸ਼ਹਾਦਤ ਵਰਗਾ ਕਰਮ ਹੈ। ਮਨ ਦੇ ਇਹ ਪੰਜ ਚੋਰ ਜਿਸਮਾਨੀ ਸ਼ਹਾਦਤ ਦੇ ਰਾਹ ਵਿਚ ਬੰਧਨ ਹਨ। ਇਨ੍ਹਾਂ ਪੰਜ ਦੂਤਾਂ ਦੀ ਸ਼ਹਾਦਤ ਤੋਂ ਬਗੈਰ ਜੂਝ ਕੇ ਮਰਨ ਵਾਲੀ ਸ਼ਹਾਦਤ ਕਠਿਨ ਹੈ। 'ਮਨਿ ਜੀਤੇ ਜਗੁ ਜੀਤੁ' ਗੁਰਵਾਕ ਪੰਜ ਦੂਤਾਂ ਤੋਂ ਮੁਕਤ ਹੋਣ ਦੀ ਸੋਝੀ ਕਰਵਾਉਂਦਾ ਹੈ।

ਸਪੱਸ਼ਟ ਹੈ ਕਿ ਗੁਰਮਤਿ ਸ਼ਾਸਤਰ ਮੁਤਾਬਿਕ ਗੁਰਮੁਖ ਦੀ ਯਾਤਰਾ 'ਮਨ ਦੀ ਸ਼ਹਾਦਤ' ਤੋਂ 'ਸਰੀਰ ਦੀ ਸ਼ਹਾਦਤ' ਤੱਕ ਫੈਲੀ ਹੋਈ ਹੈ। ਇਸ ਯਾਤਰਾ ਦੇ ਪਿਛੋਕੜ ਵਿਚ ਗੁਰਮਤਿ ਸ਼ਾਸਤਰ ਦਾ ਕੇਂਦਰੀ ਉਪਦੇਸ਼ ''ਮੂਲ-ਮੰਤਰ'' ਹੈ, ਜਿਸ ਵਿਚ ਨਿਰਭਉ/ਨਿਰਵੈਰ ਪ੍ਰਭੂ ਦੇ ਗੁਣ ਹਨ। ਇਨ੍ਹਾਂ ਉਪਦੇਸ਼ਾਂ 'ਤੇ ਚੱਲਣ ਵਾਲਾ ਧਰਮੀ/ਗੁਰਮੁਖ ਹੋ ਨਿਬੜਦਾ ਹੈ। ਧਰਮ ਦਾ ਇਹ ਮਾਰਗ ਹੀ ਗੁਰਮੁਖ/ਗੁਰਸਿੱਖ ਨੂੰ ਸ਼ਹੀਦੀ ਲਈ ਪ੍ਰੇਰਦਾ ਹੈ। ਪ੍ਰਮਾਣ ਹੈ ਕਿ ਗੁਰੂ ਵਿਸ਼ਵਾਸ ਵਿਚ ਬੱਝੇ 'ਪੂਰਨ ਗੁਰੂ' (ਗੁਰੂ ਤੇਗ਼ ਬਹਾਦਰ ਸਾਹਿਬ) ਦੇ ਮਰਜੀਵੜੇ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਜੀ ਬਾਣੀ ਦੀ ਲੋਅ ਰਾਹੀਂ ਭਗਤੀ 'ਚੋਂ ਸ਼ਕਤੀ ਹਾਸਲ ਕਰਦਿਆਂ ਗੁਰੂ ਸਾਹਿਬ ਤੋਂ ਪਹਿਲਾਂ ਸ਼ਹੀਦ ਹੋ ਕੇ ਬਾਣੀ ਨੂੰ ਬਾਣੇ ਵਿਚ ਸਾਕਾਰਥ ਕਰ ਰਹੇ ਹਨ। ਪ੍ਰਮਾਣ ਵਜੋਂ ਭਗਤ ਕਬੀਰ ਸਾਹਿਬ ਜੀ ਦੇ ਪ੍ਰਵਚਨ 'ਤੇ ਪਹਿਰਾ ਦਿੰਦਿਆਂ ਭਾਈ ਮਤੀ ਦਾਸ ਜੀ ਆਪਣੇ ਉਪਰ ਆਰਾ (ਕਰਵਤੁ) ਤਾਂ ਚਲਵਾ ਲੈਂਦੇ ਹਨ ਪਰ ਗੁਰੂ ਵੱਲ ਪਿੱਠ (ਕਰਵਟ) ਨਹੀਂ ਕਰਦੇ। ਫੁਰਮਾਣ ਹੈ;

> ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥੧॥
>
> ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥੧॥ ਰਹਾਉ॥
>
> ਜਉ ਤਨੁ ਚੀਰਹਿ ਅੰਗੁ ਨ ਮੋਰਉ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥੨॥
>
> ਹਮ ਤੁਮ ਬੀਚੁ ਭਇਓ ਨਹੀ ਕੋਈ॥ ਤੁਮਹਿ ਸੁ ਕੰਤ ਨਾਰਿ ਹਮ ਸੋਈ॥੩॥
>
> ਕਹਤੁ ਕਬੀਰੁ ਸੁਨਹੁ ਰੇ ਲੋਈ॥ ਅਬ ਤੁਮਰੀ ਪਰਤੀਤਿ ਨ ਹੋਈ॥੪॥੨॥੩੫॥ [6]

ਅਸਲ ਵਿਚ ਖੰਨਿਓਂ ਤਿੱਖੇ ਪੰਧ ਉਪਰ ਤੁਰਨ ਵਾਲੇ ਜਿਗਿਆਸੂ ਲਈ ਸ਼ਹਾਦਤ ਇਕ ਸਬੱਬ ਹੈ, ਪੜਾਅ ਹੈ, ਸ਼ਿਖਰਲੀ ਮੰਜ਼ਿਲ 'ਤੇ ਮਿਲਣ ਦਾ ਵਾਅਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਸ਼ਹਾਦਤ ਇਕ ਪ੍ਰੀਖਿਆ ਹੈ, ਜਿਸ ਵਿਚ ਨਾ ਤਾਂ ਕਦੀ ਗੁਰੂ ਡੋਲਿਆ ਹੈ ਅਤੇ ਨਾ ਹੀ ਗੁਰੂ ਦਾ ਸਿੱਖ ਦੁਚਿੱਤੀ ਵਿਚ ਹੈ। ਸਪੱਸ਼ਟ ਹੈ ਕਿ ਸ਼ਹਾਦਤ ਕਰਮ ਤੋਂ ਪਹਿਲਾਂ ਜਿਸ ਆਤਮ-ਵਿਸ਼ਵਾਸ ਦੀ ਲੋੜ ਹੈ, ਉਸ ਦਾ ਝਰੋਖਾ ਤੇ ਲੋਅ 'ਬਾਣੀ ਸ਼ਾਸਤਰ' ਵਿਚ ਹੈ। ਇਤਿਹਾਸ ਗਵਾਹ ਹੈ ਕਿ ਧਰਮ ਦੀ ਟੇਕ ਵਿਚ 'ਬਾਣੀ ਸ਼ਾਸਤਰ' ਤੋਂ ਪ੍ਰੇਰਨਾਂ ਲੈ ਕੇ ਹੀ ਖਾਲਸਾ ਸ਼ਸਤਰਧਾਰੀ (ਸੰਤ ਤੋਂ ਸਿਪਾਹੀ) ਹੋਇਆ ਹੈ।

ਸਿੱਖ ਧਰਮ ਚਿੰਤਨ ਵਿਚ ਸ਼ਹਾਦਤ ਦਾ ਜੇਕਰ ਸਮੁੱਚਾ ਮੁਲਾਂਕਣ ਕਰੀਏ ਤਾਂ ਸਿੱਖ ਕੌਮ ਅੰਦਰ ਇਹ ਸਥਿਤੀ ਬੜੀ ਸਪੱਸ਼ਟ ਹੋ ਜਾਂਦੀ ਹੈ ਕਿ 'ਸ਼ਹਾਦਤ' ਦੀ ਸ਼੍ਰੇਣੀ ਵਿਚ ਪਹਿਲੇ ਸ਼ਹੀਦ ਉਹ ਗਿਣੇ ਜਾਂਦੇ ਹਨ, ਜਿਨ੍ਹਾਂ ਨੇ ਬਾਣੀ ਸ਼ਾਸਤਰ ਨੂੰ ਜੀਵਨ ਪ੍ਰਤੀਮਾਨ ਬਣਾਉਂਦਿਆਂ ਵਕਤੀ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਬਰ/ਜ਼ੁਲਮ ਦੀ ਈਨ ਨਾ ਮੰਨਦਿਆਂ ਸ਼ਹਾਦਤ ਦਿੱਤੀ ਹੈ। ਅਰਥਾਤ ਸੱਚੇ-ਸੁੱਚੇ ਜੀਵਨ ਆਦਰਸ਼ਾਂ ਦੀ ਪਾਲਣਾ ਕਰਦਿਆਂ ਪ੍ਰਭੂ ਭਾਣੇ ਨੂੰ ਮਿੱਠਾ ਕਰਕੇ ਮੰਨਦਿਆਂ ਸ਼ਾਂਤ-ਚਿੱਤ ਕੁਰਬਾਨੀ ਦਿੱਤੀ ਹੈ। ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਇਸ ਕਾਫ਼ਲੇ ਦੇ ਮੋਹਰੀ ਹੋਏ ਹਨ।

'ਸ਼ਹਾਦਤ' ਦੀ ਸ਼੍ਰੇਣੀ ਵਿਚ ਦੂਜੇ ਸ਼ਹੀਦ ਉਹ ਹਨ, ਜਿਨ੍ਹਾਂ ਨੇ 'ਨਾਨਕ ਜੋਤ' ਤੋਂ ਪ੍ਰੇਰਨਾ ਲੈਂਦਿਆਂ ਜ਼ਬਰ/ਜ਼ੁਲਮ ਦੇ ਵਿਰੋਧ ਵਿਚ ਭੁਗਤਦਿਆਂ ਨਿੱਜ ਤੋਂ ਹਟ ਕੇ ਪਰਉਪਕਾਰ ਲਈ ਸ਼ਹਾਦਤ ਦੇ ਰਹੇ ਹਨ। ਪਰਉਪਕਾਰ ਦੇ ਕਰਤਾਰੀ ਕਰਮ ਦੇ ਕਰਤਾ (ਗੁਰੂ ਤੇਗ਼ ਬਹਾਦਰ ਸਾਹਿਬ) ਦੀ ਸ਼ਹਾਦਤ ਇਸ ਪ੍ਰਮਾਣ ਵਿਚ ਹੈ ਕਿ ਹਿੰਦੂ ਧਰਮ ਦੇ ਜਨੇਊ ਅਤੇ ਤਿਲਕ ਨੂੰ ਬਚਾਉਣ ਲਈ ਕੁਰਬਾਨੀ ਦੇ ਰਹੇ ਹਨ। ਇਤਿਹਾਸਕ ਪੱਖੋਂ ਇਸ ਮਿਸਾਲੀ ਸ਼ਹਾਦਤ ਦਾ ਕਮਾਲ ਇਸ ਤਰਕ ਵਿਚ ਹੈ ਕਿ 'ਤਿਲਕ ਹਿੰਦੂ ਕਾ ਰਾਖਾ' ਗੁਰੂ ਤੇਗ਼ ਬਹਾਦਰ ਸਾਹਿਬ ਪਰਉਪਕਾਰ ਦੇ ਮਕਸਦ ਦੀ ਪੂਰਤੀ ਲਈ ਆਪਣੇ ਕਾਤਲ ਕੋਲ ਖ਼ੁਦ 300 ਮੀਲ ਪੈਦਲ ਚੱਲ ਕੇ ਜਾਂਦੇ ਹਨ।

ਸਿੱਖ ਧਰਮ ਵਿਚ ਤੀਜੀ ਸ਼੍ਰੇਣੀ ਦੇ ਸ਼ਹੀਦ ਉਹ ਹਨ ਜੋ ਅਣਖ, ਗ਼ੈਰਤ ਖ਼ਾਤਰ ਮੈਦਾਨੇ ਜੰਗ ਅੰਦਰ ਜੂਝਦੇ ਹੋਏ ਜ਼ੁਲਮ ਤੇ ਜ਼ਾਲਮ ਵਿਰੁੱਧ ਅੜਦਿਆਂ/ਲੜਦਿਆਂ/ਖੜਦਿਆਂ/ਮਰਦਿਆਂ ਸ਼ਹਾਦਤ ਦਾ ਜਾਮ ਪੀਂਦੇ ਹਨ। ਇਸ ਘੋਲ ਵਿਚ ਸਿੱਖ ਕੌਮ ਦੇ ਅਣਗਿਣਤ ਸ਼ਹੀਦ ਹੋਏ ਹਨ ਜੋ ਪੂਰੇ ਜਾਹੋ-ਜਲਾਲ ਤੇ ਸ਼ਿੱਦਤ ਨਾਲ ਮੌਤ ਰੂਪੀ ਸ਼ਮਾ ਦੇ ਪਰਵਾਨੇ ਬਣੇ।

ਦਰਅਸਲ ਸਿੱਖ ਕੌਮ ਨੂੰ 'ਸ਼ਹਾਦਤ' ਦੇ ਵਾਰਸ ਬਣਾਉਣ ਲਈ ਜਿਥੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਹਨ, ਉਥੇ 'ਸ਼ਹਾਦਤ' ਦੀ ਜਾਗ ਨੂੰ ਸਦੀਵੀ ਰੱਖਣ ਪਿੱਛੇ ਕਾਰਜਸ਼ੀਲ 'ਬਾਣੀ' ਹੈ। 'ਬਾਣੀ' ਜਦੋਂ 'ਬਾਣੇ' ਵਿਚ ਪ੍ਰਵੇਸ਼ ਹੁੰਦੀ ਹੈ ਤਾਂ 'ਭਗਤੀ' ਉਦੋਂ 'ਸ਼ਕਤੀ' ਦਾ ਰੂਪ ਧਾਰਨ ਕਰ ਲੈਂਦੀ ਹੈ। ਨਤੀਜੇ ਵਜੋਂ ਭਗਤ/ਸੰਤ ਹੱਥ ਵਿਚ ਫੜੇ 'ਸ਼ਾਸਤਰ' (ਜੀਵਨ ਸਿਧਾਂਤ/ਨਿਯਮਾਵਲੀ) ਤੋਂ ਪ੍ਰੇਰਨਾਂ ਲੈਂਦਿਆਂ ਸ਼ਸਤਰਧਾਰੀ (ਹਥਿਆਰਬੰਦ ਖਾਲਸਾ) ਬਣ ਜਾਂਦਾ ਹੈ। ਸਪੱਸ਼ਟ ਹੈ ਕਿ 'ਬਾਣੀ ਸ਼ਾਸਤਰ' ਸਿੱਖ ਲਈ 'ਸੰਤ' ਤੋਂ 'ਸਿਪਾਹੀ' ਬਣਾਉਣ ਦੀ ਭੂਮਿਕਾ ਨਿਭਾਉਂਦਾ ਹੈ। ਇਸ ਮਾਰਗ ਦੇ ਪਾਂਧੀ ਦੀ ਆਤਮਾ ਭਰਮ/ਭਉ ਤੋਂ ਮੁਕਤ ਹੋ ਕੇ ਨਾ ਕਿਸੇ ਤੋਂ ਡਰਦੀ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਫ਼ੁਰਮਾਣ ਹੈ;

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ [7]

ਉਪਰੋਕਤ ਸਲੋਕ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮੁਤਾਬਿਕ 'ਅਕਾਲ' ਦੇ ਭੈਅ ਤੋਂ ਬਿਨਾਂ ਕਿਸੇ ਤੋਂ ਡਰਨਾ ਅਤੇ ਡਰਾਉਣਾ ਦੋਵੇਂ ਬੰਧਨ ਹਨ। ਬੰਧਨ ਤੋਂ ਮੁਕਤੀ ਦੇ ਸ਼ਿਖਰ ਨੂੰ ਹਾਸਲ ਮਹਾਂਨਾਇਕ ਦਾ ਮੂਲ ਮਕਸਦ ਇਸ 'ਧਰਤੀ' ਨੂੰ 'ਧਰਮਸਾਲ' ਬਣਾਉਣਾ ਹੈ। ਬਾਣੀ ਸੰਸਾਰ ਦੇ ਸੰਦੇਸ਼ਾਂ ਵਿਚ 'ਧਰਤੀ ਨੂੰ ਧਰਮਸਾਲ' ਜਾਂ 'ਬੇਗਮਪੁਰਾ' ਬਣਾਉਣ ਦਾ ਜੋ ਸੂਝ ਮਾਡਲ ਹੈ, ਉਹ ਬੜਾ ਪ੍ਰਸੰਗਿਕ ਅਤੇ ਸਦਭਾਵਨਾ ਵਾਲਾ ਹੈ। ਪ੍ਰਮਾਣ ਵਜੋਂ

'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥'

'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥'

'ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥'

'ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥'

'ਇਹ ਲੋਕ ਸੁਖੀਏ ਪਰਲੋਕ ਸੁਹੇਲੇ॥'

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥'

ਉਪਰੋਕਤ ਕਰਤਾਰੀ ਸੰਦੇਸ਼ ਧਰਤੀ 'ਤੇ ਵਸਦੇ ਜੀਵਾਂ ਲਈ ਮਾਨਵੀ ਸਾਂਝ ਦੀਆਂ ਜੀਵੰਤ ਮਿਸਾਲਾਂ ਹਨ। ਬਾਣੀ ਸੰਸਾਰ ਵਿਚਲੇ ਇਨ੍ਹਾਂ ਪ੍ਰਵਚਨਾਂ ਦਾ ਮੂਲ ਸੋਮਾ 'ਖਸਮ ਕੀ ਬਾਣੀ' ਜਾਂ 'ਧੁਰ ਕੀ ਬਾਣੀ' ਹੋਣ ਕਰਕੇ ਗੁਰਮਤਿ ਕਾਵਿਧਾਰਾ ਨੂੰ ਇਲਾਹੀ ਸਾਹਿਤ ਭਾਵ 'ਪੋਥੀ ਪਰਮੇਸਰ ਕਾ ਥਾਨੁ' ਹੋਣ ਦਾ ਰੁਤਬਾ ਹਾਸਲ ਹੈ।

ਦਰਅਸਲ 'ਬੰਧਨ ਤੋਂ ਮੁਕਤਿ' ਭਾਵ 'ਕਾਲ ਤੋਂ ਅਕਾਲ' ਦੀ ਯਾਤਰਾ 'ਮਨਮੁਖ ਤੋਂ ਗੁਰਮੁਖ' ਹੋਣ ਦੀ ਅਕੀਦਤ 'ਤੇ ਆਧਾਰਿਤ ਹੈ। ਗੁਰਮੁਖ ਉਹ ਹੈ, ਜਿਸ ਦਾ ਮੁਖੜਾ ਗੁਰੂ ਵੱਲ ਹੈ ਅਤੇ ਮਨਮੁਖ ਉਹ ਹੈ ਜਿਸ ਦਾ ਮੂੰਹ ਆਪਣੇ ਮਨ ਵੱਲ ਹੈ। ਯਾਦ ਰਹੇ ਕਿ ਗੁਰੂ ਦੀ ਹਾਮੀ ਗੁਰਮੁਖ ਨਾਲ ਹੈ। ਮਨਮੁਖ ਕਾਲ/ਬੰਧਨ ਵਿਚ ਹੈ ਅਤੇ ਗੁਰਮੁਖ ਅਕਾਲ/ਬੰਧਨ-ਮੁਕਤਿ ਹੈ। ਗੁਰੂ ਤੇਗ਼ ਬਹਾਦਰ ਜੀ 'ਮਨਮੁਖ' ਨੂੰ 'ਦੁਰਜਨ' ਕਹਿੰਦੇ ਹੋਏ ਬਿਆਨ ਕਰਦੇ ਹਨ ਕਿ ਮਨ ਦਾ ਮਾਨ ਤਿਆਗੇ ਬਿਨਾਂ 'ਨਿਰਬਾਨ ਪਦ' ਭਾਵ ਵਾਸ਼ਨਾ ਰਹਿਤ ਆਤਮਕ ਅਵੱਸਥਾ ਦੀ ਪ੍ਰਾਪਤੀ ਹੋਣਾ ਅਸੰਭਵ ਹੈ। ਇਸ ਅਵੱਸਥਾ ਨੂੰ ਪਹੁੰਚਿਆ ਗੁਰਮੁਖ ਹੀ ਸੁਖ ਅਤੇ ਦੁਖ, ਉਸਤਤਿ ਅਤੇ ਨਿੰਦਾ, ਮਾਨ ਅਤੇ ਅਪਮਾਨ ਤੋਂ ਅਲੇਪ ਰਹਿੰਦਾ ਹੈ। ਗੁਰੂ ਸਾਹਿਬ ਜੀ ਮੁਤਾਬਿਕ ਅਜਿਹੀ ਪਦਵੀ ਨੂੰ ਹਾਸਲ ਵਿਅਕਤੀ ਲਈ ਇਹ ਖੇਡ ਹੈ ਤਾਂ ਕਠਿਨ ਪਰ ਗੁਰਮੁਖ ਇਸ ਖੇਡ ਨੂੰ ਆਸਾਨੀ ਨਾਲ ਜਿੱਤ ਲੈਂਦਾ ਹੈ। ਗੁਰਵਾਕ ਹੈ;


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨॥੧॥ [8]

ਪਿੱਛੇ ਚਰਚਾ ਕਰ ਆਏ ਹਾਂ ਕਿ ਬਾਣੀ ਸੰਸਾਰ ਮੁਤਾਬਿਕ ਮੁਕਤਿ/ਅਕਾਲ ਅਵੱਸਥਾ ਦੀ ਪਦਵੀ ਤੱਕ ਪਹੁੰਚਣ ਲਈ ਪੰਜ ਵਿਕਾਰ/ਚੋਰ ਰਸਤੇ ਵਿਚ ਬੰਧਨ/ਕਾਲ ਹਨ। ਗੁਰੂ ਤੇਗ਼ ਬਹਾਦਰ ਜੀ ਮੁਤਾਬਿਕ ਇਸ ਸੰਸਾਰ ਰੂਪੀ ਸ੍ਰਿਸਟੀ ਦੀ ਰਚਨਾ ਕਰਤੇ ਨੇ ਖ਼ੁਦ ਹੀ ਬਣਾਈ ਹੈ। ਵਿਕਾਰਾਂ ਵਿਚ ਬੱਝਾ ਵਿਅਕਤੀ 'ਹਰਿ ਮੂਰਤਿ' ਨੂੰ ਵਿਸਾਰੀ ਬੈਠਾ ਹੈ। ਇਸ ਨਾਸ਼ਮਾਨ ਅਰਥਾਤ ਝੂਠੇ ਤਨ ਨੂੰ ਭਰਮ ਵਿਚ ਸਦੀਵੀ ਮੰਨੀ ਬੈਠਾ ਹੈ, ਜਦਕਿ ਹਕੀਕਤ ਇਹ ਹੈ ਕਿ ਦਿਸਦਾ ਜਗਤ 'ਰਾਤ ਦੇ ਸੁਪਨੇ' ਜਾਂ 'ਬੱਦਲ ਦੀ ਛਾਂ' ਦੀ ਨਿਆਈਂ ਹੈ। ਗੁਰਵਾਕ ਹੈ;

ਸਾਧੋ ਰਚਨਾ ਰਾਮ ਬਨਾਈ॥

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥ ੧॥ ਰਹਾਉ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥੧॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥੨॥੨॥ [9]

ਪੰਜ ਵਿਕਾਰਾਂ ਵਿਚ ਇਕ ਵਿਕਾਰ 'ਮੋਹ' ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮੁਤਾਬਿਕ 'ਮੋਹ' ਦੇ ਅੱਗੇ ਅਨੇਕਾਂ ਰੂਪ- ਮਾਇਆ ਮੋਹ, ਪੁੱਤਰ ਮੋਹ, ਮਿੱਤਰ ਮੋਹ, ਜਰ ਮੋਹ, ਜੋਰੂ ਮੋਹ ਆਦਿ ਹਨ ਜੋ ਮਨੁੱਖ ਲਈ ਮੁਕਤੀ ਦੇ ਰਾਹ ਵਿਚ ਬੰਧਨ/ਕਾਲ ਬਣਦੇ ਹਨ। ਇਸ ਮੋਹ ਵਿਚੋਂ ਕੋਈ ਵਿਰਲਾ ਗੁਰਮੁਖ ਹੈ, ਜਿਸ ਨੇ ਪ੍ਰਭੂ ਸਿਮਰਨ ਸਦਕਾ ਮੋਹ 'ਤੇ ਜਿੱਤ ਪ੍ਰਾਪਤ ਕਰਕੇ ਮੁਕਤਿ/ਅਕਾਲ ਨੂੰ ਹਾਸਲ ਕੀਤਾ ਹੈ। ਗੁਰਵਾਕ ਹੈ;

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥

ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥੧॥ ਰਹਾਉ॥

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥੧॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ॥

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ॥੨॥੩॥ [10]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਤ੍ਰਿਸ਼ਨਾ ਨੂੰ ਚੰਚਲ ਅਤੇ ਕ੍ਰੋਧ ਨੂੰ ਕਠਿਨ ਦੱਸਿਆ ਹੈ। ਤ੍ਰਿਸ਼ਨਾ ਅਤੇ ਕ੍ਰੋਧ ਮਨੁੱਖ ਦੇ ਮਨ ਵਿਚ ਵਸਦੇ ਚੋਰਾਂ ਵਾਂਗ ਹਨ ਜੋ ਰਤਨ ਰੂਪੀ ਗਿਆਨ ਨੂੰ ਨਿਰੰਤਰ ਲੁੱਟ ਰਹੇ ਹਨ। ਇਸ ਲੁੱਟ ਤੋਂ ਬਚਣ ਲਈ ਜੋਗੀਆਂ ਦੁਆਰਾ ਕੀਤੀ ਸਖ਼ਤ ਘਾਲਣਾ ਆਦਿ ਵਰਗੇ ਯਤਨ ਵੀ ਹਾਰ ਜਾਂਦੇ ਹਨ ਭਾਵ ਛੋਟੇ ਪੈ ਜਾਂਦੇ ਹਨ। ਗੁਰਵਾਕ ਹੈ;

ਸਾਧੋ ਇਹੁ ਮਨੁ ਗਹਿਓ ਨ ਜਾਈ॥

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥੧॥ ਰਹਾਉ॥

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥

ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥੧॥

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ॥

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ॥੨॥੪॥ [11]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਸਾਹਿਬ ਜੀ ਇਸ ਸੰਸਾਰ ਵਿਚ ਮਨੁੱਖਾ ਜਨਮ ਨੂੰ ਅਮੋਲਕ ਦਸਦਿਆਂ ਕਹਿੰਦੇ ਹਨ ਕਿ ਵਿਕਾਰਾਂ ਵਿਚ ਲੀਨ ਹੋਇਆ ਪ੍ਰਾਣੀ ਆਪਣਾ ਜੀਵਨ ਬਿਰਥਾ ਹੀ ਗੁਆ ਰਿਹਾ ਹੈ। ਪੰਜ ਚੋਰਾਂ ਵਿਚੋਂ ਹੰਕਾਰ ਭਾਵ ਅਭਿਮਾਨ ਵੀ ਮੁਕਤਿ ਦੀ ਮੰਜ਼ਿਲ ਨੂੰ ਹਾਸਲ ਕਰਨ ਅਤੇ ਰਾਮ ਭਾਵ ਪ੍ਰਭੂ ਦੇ ਭਜਨ ਵਿਚ ਰੁਕਾਵਟ ਬਣੀ ਬੈਠੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਫੁਰਮਾਣ ਕਰਦੇ ਹਨ ਕਿ 'ਮੁਕਤਿ ਪਦ' ਨੂੰ ਗੁਰਮੁਖ ਹੋ ਕੇ ਹੀ ਪਾਇਆ ਜਾ ਸਕਦਾ ਹੈ। ਗੁਰੂ ਸਾਹਿਬ ਹੰਕਾਰੀ ਹਾਥੀ ਦੀ ਘਟਨਾ ਰਾਹੀਂ ਦਸਦਿਆਂ ਕਹਿੰਦੇ ਹਨ ਕਿ 'ਇਕ ਗੰਧਰਵ ਕਿਸੇ ਸ੍ਰਾਪ ਦੇ ਕਾਰਨ ਹਾਥੀ ਬਣ ਗਿਆ। ਨਦੀ ਤੋਂ ਪਾਣੀ ਪੀਣ ਗਏ ਨੂੰ ਇਕ ਤੰਦੂਏ ਨੇ ਪਾਣੀ ਵਿਚ ਫੜ ਲਿਆ। ਜਦੋਂ ਉਸ ਨੇ ਰਾਮ ਨਾਮ ਦਾ ਚੇਤਾ ਕੀਤਾ ਤਾਂ ਉਸ ਦੀ ਖ਼ਲਾਸੀ ਹੁੰਦੀ ਹੈ।' ਗੁਰਵਾਕ ਹੈ;

ਸਾਧੋ ਗੋਬਿੰਦ ਕੇ ਗੁਨ ਗਾਵਉ॥

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ ਰਹਾਉ॥

ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥

ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥੫॥ [12]

ਗੁਰੂ ਸਾਹਿਬ ਜੀ ਅਵੇਸਲੇ ਹੋਏ ਮਨੁੱਖੀ ਮਨ ਨੂੰ ਬੋਲ਼ਾ ਦਸਦਿਆਂ ਚੇਤੰਨ ਕਰ ਰਹੇ ਹਨ ਕਿ ਜਿਸ ਸੁੰਦਰ ਦੇਹੀ, ਸੁੰਦਰ ਪਤਨੀ ਅਤੇ ਘਰ ਹੋਣ ਦੇ ਵਿਚ ਗਲਤਾਨ ਹੋਇਆ ਬੈਠਾਂ ਹੈ, ਇਨ੍ਹਾਂ ਦਾ 'ਨਿਮਖ' (ਸਮੇਂ ਦੀ ਸਭ ਤੋਂ ਛੋਟੀ ਇਕਾਈ/ਅੱਖ ਦਾ ਫੋਰ) ਜਿੰਨਾ ਵੀ ਭਰੋਸਾ ਨਹੀਂ ਹੈ। ਮਾਇਆਵੀ ਮੋਹ ਸਦਕਾ 'ਨਿਰਭੈ ਪਦੁ' ਨੂੰ ਵਿਸਾਰੀ ਬੈਠਾ ਹੈ। ਗੁਰਵਾਕ ਹੈ;

ਮਨ ਰੇ ਕਹਾ ਭਇਓ ਤੈ ਬਉਰਾ॥

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥੧॥ ਰਹਾਉ॥

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥

ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥੧॥

ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ॥

ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ॥੨॥

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ॥

ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ॥੩॥੮॥ [13]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਹਿ ਰਹੇ ਹਨ ਕਿ ਹੇ ਭਲ਼ੇ ਪੁਰਖ ਤੇਰਾ ਇਹ ਕਿਹੋ ਜਿਹਾ ਜੀਵਨ ਵਿਹਾਰ ਹੈ ਕਿ ਮਾਤਾ, ਪਿਤਾ, ਭਰਾ, ਪੁੱਤਰ, ਰਿਸ਼ਤੇਦਾਰ ਅਤੇ ਪਤਨੀ ਆਦਿਕ ਰਿਸ਼ਤਿਆਂ ਦੇ ਮਾਇਆਵੀ ਜਾਲ ਵਿਚ ਬੱਝਾ ਫਿਰਦਾ ਹੈ। ਜਦਕਿ ਹਕੀਕਤ ਇਹ ਹੈ ਕਿ ਸਰੀਰ ਵਿਚੋਂ ਜਦੋਂ ਪ੍ਰਾਣਾਂ ਦੀ ਲੜੀ ਟੁੱਟ ਗਈ ਤਾਂ ਉਕਤ ਸਾਰੇ ਮਾਇਆਵੀ ਰਿਸ਼ਤੇ ਮ੍ਰਿਤਕ ਸਰੀਰ ਵਿਚ ਭੂਤ-ਪ੍ਰੇਤ ਆਦਿ ਸਮਝ ਕੇ ਅੱਧੀ ਘੜੀ ਵਾਸਤੇ ਵੀ ਕੋਈ ਘਰ ਵਿਚ ਨਹੀਂ ਰੱਖਦਾ। ਸੁਖ ਵਿਚ ਜਿਹੜੇ ਪ੍ਰੀਤਮ ਹੋਣ ਦਾ ਦਾਅਵਾ ਕਰਦੇ ਹਨ ਅਤੇ ਚਾਰੇ ਪਾਸੇ ਬੈਠੇ ਪੱਕੇ ਸਾਥੀ ਹੋਣ ਦਾ ਦਾਅਵਾ ਕਰਦੇ ਹਨ। ਇਥੋਂ ਤੱਕ ਕਿ ਜਿਹੜੀ ਪਤਨੀ ਸਦਾ ਸੰਗੀ ਬਣਨ ਦਾ ਦਾਅਵਾ ਕਰਦੀ ਹੈ, ਜਦੋਂ ਆਤਮਾ ਰੂਪੀ ਹੰਸ ਉਡਾਰੀ ਮਾਰ ਜਾਂਦਾ ਹੈ ਤਾਂ ਫਿਰ ਉਹ ਵੀ ਪ੍ਰੇਤ-ਪ੍ਰੇਤ ਕਹਿ ਕੇ ਨੇੜੇ ਨਹੀਂ ਢੁਕਦੀ ਹੈ। ਗੁਰਵਾਕ ਹੈ;

ਸਭ ਕਿਛੁ ਜੀਵਤ ਕੋ ਬਿਵਹਾਰ॥

ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ ਰਹਾਉ॥

ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥

ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥੧॥

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥

ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ॥੨॥੨॥ [14]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ਰਹਾਉ॥

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥੧॥

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥੨॥

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥੩॥੧੨॥੧੩੯॥[15]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਰਾਗੁ ਬਿਲਾਵਲੁ ਵਿਚ ਇਕ ਵੇਸਵਾ-ਗਾਮੀ ਬ੍ਰਾਹਮਣ ਅਜਾਮਲੁ, ਵੇਸਵਾ ਗਨਿਕਾ, ਹਾਥੀ, ਨਾਰਦ ਅਤੇ ਧਰੂ ਭਗਤ ਆਦਿ ਦੇ ਹਵਾਲੇ ਦਿੰਦੇ ਹੋਏ ਕਹਿੰਦੇ ਹਨ ਕਿ ਇਨ੍ਹਾਂ ਸਭ ਨੇ ਪ੍ਰਭੂ ਦੀ ਸ਼ਰਨ ਵਿਚ ਆ ਕੇ ਹੀ ਮੁਕਤਿ ਰੂਪੀ 'ਨਿਰਭੈ ਪਦੁ' ਨੂੰ ਹਾਸਲ ਕੀਤਾ ਹੈ। ਗੁਰਵਾਕ ਹੈ;

ਦੁਖ ਹਰਤਾ ਹਰਿ ਨਾਮੁ ਪਛਾਨੋ॥

ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥੧॥ਰਹਾਉ॥

ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥੧॥

ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥

ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥੨॥੧॥[16]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਹਿ ਰਹੇ ਹਨ ਕਿ ਜਿਹੜੇ ਗੁਰਮੁਖਾਂ ਵਡਿਆਈ-ਨਿੰਦਾ, ਸੋਨਾ-ਲੋਹਾ, ਖ਼ੁਸ਼ੀ-ਗ਼ਮੀ, ਦੁਸ਼ਮਨ-ਸੱਜਣ ਨੂੰ ਇਕ ਭਾਵ ਬਰਾਬਰ ਕਰਕੇ ਜਾਣਿਆ ਹੋਇਆ ਹੈ ਅਤੇ ਹੰਕਾਰ ਦਾ ਤਿਆਗ ਕੀਤਾ ਹੋਇਆ ਹੈ, ਬੱਸ ਮੁਕਤੀ ਦੇ ਦਰ ਦੀ ਸੋਝੀ ਉਨ੍ਹਾਂ ਨੂੰ ਹੀ ਹੁੰਦੀ ਹੈ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥੧੯॥[17]

ਗੁਰੂ ਸਾਹਿਬ ਮੁਤਾਬਿਕ ਮਨੁੱਖ ਦੇ ਬੰਧਨ ਦਾ ਕਾਰਨ ਜੀਵ ਦਾ ਮਾਇਆ ਦੇ ਨਸ਼ੇ ਵਿਚ ਗਲਤਾਨ ਹੋਣਾ ਅਤੇ ਹਰੀ ਦੇ ਸਿਮਰਨ ਤੋਂ ਮੁਨਕਰ ਹੋਣਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਮੁਤਾਬਿਕ ਜੀਵ ਦੇ ਜਦੋਂ ਸਿਮਰਨ ਕਰਨ ਦਾ ਵੇਲਾ ਸੀ, ਉਦੋਂ ਤਾਂ ਦੁਨਿਆਵੀ ਲੋਭ ਦੇ ਬੰਧਨ ਵਿਚ ਬੱਝਾ ਰਿਹਾ ਹੈ। ਉਮਰ ਬੀਤ ਜਾਣ ਕਰਕੇ ਅੰਧੁਲੇ ਜੀਵ ਦੇ ਪੱਲੇ ਬੰਧਨ ਦਾ ਰੋਣਾ ਹੀ ਬਚਦਾ ਹੈ। ਗੁਰੂ ਸਾਹਿਬ ਜੀ ਬਿਆਨ ਕਰਦੇ ਹਨ ਕਿ ਜਿਸ ਹਿਰਦੇ ਵਿਚ ਰਾਮ ਦਾ ਸਿਮਰਨ ਹੈ, ਪ੍ਰਭੂ ਰੰਗ ਵਿਚ ਰੱਤੇ ਅਜਿਹੇ ਭਗਤ ਜਨ ਅਤੇ ਪ੍ਰਭੂ ਅਭੇਦ ਹੁੰਦੇ ਹਨ;

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥੨੬॥

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥੩੧॥

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥


© Copyright @ Authors

ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥੩੯॥

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੪੩॥ [18]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਆਪਣੀ ਬਾਣੀ ਦੇ ਅੰਤਲੇ ਸਲੋਕਾਂ ਵਿਚ ਮਨੁੱਖਤਾ ਨੂੰ ਸੰਦੇਸ਼ ਦੇ ਰਹੇ ਹਨ ਕਿ ਹੇ ਭਾਈ! ਪ੍ਰਭੂ ਦੇ ਅੰਮ੍ਰਿਤ ਨਾਮ ਤੋਂ ਵਿਛੜੇ ਮਨੁੱਖ ਨੂੰ ਜਦੋਂ ਮਾਇਆ ਮੋਹ ਦੀਆਂ ਫਾਹੀਆਂ ਆ ਘੇਰਦੀਆਂ ਹਨ ਤਾਂ ਵੇਲਾ ਵਿਹਾ ਜਾਣ ਕਰਕੇ ਮੋਹ ਦੀਆਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਕ ਤਾਕਤ ਮੁੱਕ ਜਾਂਦੀ ਹੈ। ਨਤੀਜੇ ਵਜੋਂ ਮਾਇਆਵੀ ਸ਼ਕਤੀਆਂ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਹੀਲਾ ਵੀ ਨਹੀਂ ਹੋ ਸਕਦਾ ਹੈ। ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਹੇ ਨਾਨਕ! ਜਿਵੇਂ ਤੂੰ ਤੇਂਦੂਏ ਤੋਂ ਛੁਡਾਉਣ ਲਈ ਹਾਥੀ ਦਾ ਸਹਾਈ ਬਣਿਆ ਸੀ, ਤਿਵੇਂ ਅਜਿਹੇ ਸਮਿਆਂ ਵਿਚ ਬੱਸ ਇਕ ਤੇਰਾ ਹੀ ਸਹਾਰਾ ਹੈ। ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਭਾਵ ਮੁਕਤੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ ’ਤੇ ਅਰਦਾਸ ਹੀ ਇਕੋ-ਇਕ ਵਸੀਲਾ ਹੈ। ਅਗਲੇ ਸਲੋਕ ਵਿਚ ਹੀ ਗੁਰੂ ਸਾਹਿਬ ਆਪ ਹੀ ਮਨੁੱਖ ਨੂੰ ਦ੍ਰਿੜ੍ਹਾਉਂਦੇ ਹੋਏ ਕਹਿੰਦੇ ਹਨ ਕਿ ਹੇ ਭਾਈ! ਮਾਇਆ ਦਾ ਟਾਕਰਾ ਕਰਨ ਲਈ ਜਦੋਂ ਮਨੁੱਖ ਪ੍ਰਭੂ ਦੇ ਦਰ ’ਤੇ ਡਿੱਗਦਾ ਹੈ ਤਾਂ ਉਸ ਦੇ ਅੰਦਰ ਆਤਮਕ ਬਲ ਪੈਦਾ ਹੋ ਜਾਂਦਾ ਹੈ। ਇਸ ਆਤਮਕ ਬਲ ਦੇ ਸਹਾਰੇ ਮਾਇਆ ਮੋਹ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ, ਭਾਵ ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫ਼ਲ ਹੋ ਸਕਦਾ ਹੈ। ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਹੇ ਨਾਨਕ! ਸਭ ਕੁਝ ਤੇਰੇ ਹੱਥ ਵਿਚ ਹੈ, ਭਾਵ ਤੇਰੀ ਪੈਦਾ ਕੀਤੀ ਮਾਇਆ ਵੀ ਤੇਰੇ ਹੀ ਅਧੀਨ ਹੈ ਅਤੇ ਇਸ ਤੋਂ ਬਚਣ ਲਈ ਤੂੰ ਹੀ ਮੱਦਦਗਾਰ ਹੋ ਸਕਦਾ ਹੈ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥ [19]

ਅੱਜ 21ਵੀਂ ਸਦੀ ਦੇ ਸੰਦਰਭ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਜੋਤੀ-ਜੋਤਿ ਅਤੇ ਸ਼ਹਾਦਤ ਪੁਰਬ ਮੌਕੇ ਗੁਰੂ ਸਾਹਿਬ ਜੀ ਦੀ ਬਾਣੀ ਅਤੇ ਸ਼ਹਾਦਤ ਦੀ ਅਹਿਮੀਅਤ ਹੋਰ ਵੀ ਸ਼ਿੱਦਤ ਵਾਲੀ ਹੋ ਜਾਂਦੀ ਹੈ, ਜਦੋਂ ਸਮਾਜ- ਭਾਸ਼ਾ, ਧਰਮ, ਜਾਤ-ਪਾਤ ਆਦਿ ਦੇ ਨਾਂ ’ਤੇ ਅਣਗਿਣਤ ਵਰਗਾਂ ਵਿਚ ਵੰਡਿਆ ਹੋਇਆ ਹੈ। ਆਧੁਨਿਕ ਸਮਿਆਂ ਵਿਚ ਜਦੋਂ ਮਨੁੱਖ ਪਰਉਪਕਾਰ ਦੇ ਸੇਵਾ ਭਾਵ ਤੋਂ ਦੂਰ ਜਾ ਰਿਹਾ ਹੈ, ਹੰਕਾਰ ਵਿਚ ਤੜਪ ਰਿਹਾ ਹੈ ਤਾਂ ਅਜਿਹੇ ਸਰਾਪੇ ਸਮਿਆਂ ਵਿਚ ਬਾਣੀ ਸੰਸਾਰ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਇਕ ਜੀਵਨ ਆਦਰਸ਼ ਵਾਂਗ ਚਿਤਵਿਆ ਜਾਣਾ ਚਾਹੀਦਾ ਹੈ। ਅਗਨਿ ਬਬੂਲਾ ਹੋਈ ਧਰਤੀ ਨੂੰ ਗੁਰੂ ਸਾਹਿਬ ਜੀ ਦਾ ਜੀਵਨ ਆਦਰਸ਼ ਹੀ ਸ਼ਾਂਤ ਕਰ ਸਕਦਾ ਹੈ, ਕਿਉਂਕਿ ਅੱਜ ਸਾਡੇ ਵਿਚ ਆਦਰਸ਼ਾਂ ਦੀ ਘਾਟ ਹੋਣ ਕਾਰਨ ਸਮਾਜਕ ਵਰਤਾਰਾ ਅਤੇ ਆਪਸੀ ਭਾਈਚਾਰਾ ਅਸੰਤੁਲਨ ਵਿਚ ਹੈ। ਇਹ ਗੱਲ ਮੰਨਣੀ ਪਵੇਗੀ ਕਿ ਦੂਜਿਆਂ ਅਜ਼ਨਬੀਆਂ ਦੇ ਸੱਚ ਨੂੰ ਉਹੀ ਪਹਿਚਾਣ ਸਕਦਾ ਹੈ ਜੋ ਖ਼ੁਦ ਅੰਦਰੋਂ ਵੱਡਾ ਹੈ। ਪਰ ਹਕੀਕਤ ਹੈ ਕਿ ਅਜੋਕਾ ਮਨੁੱਖ ਅੰਦਰੋਂ ਸਰਾਪੇ ਅਤੇ ਬਾਹਰੋਂ ਗੁਆਚੇ ਹੋਣ ਦੀ ਜੂਨ ਹੰਢਾ ਰਿਹਾ ਹੋਣ ਕਾਰਨ ਕਹਿਣੀ ਤੇ ਕਰਨੀ ਦਾ ਸੁਮੇਲ ਗੁਆ ਚੁੱਕਾ ਹੈ। ਨਤੀਜੇ ਵਜੋਂ ਗੱਲਾਂ ਤਾਂ ਸੇਵਾ ਦੀਆਂ ਕਰਦਾ ਹੈ ਪਰ ਸੋਚਦਾ ਲੁੱਟਣ ਬਾਰੇ ਹੈ। ਜਿੰਨੀਆਂ ਵਧੇਰੇ ਕਸਮਾਂ ਖਾ ਰਿਹਾ ਹੈ ਓਨਾਂ ਹੀ ਵਧੇਰੇ ਝੂਠ ਬੋਲ ਰਿਹਾ ਹੈ। ਚੰਦਰਮਾ ’ਤੇ ਪਹੁੰਚ ਗਿਆ ਹੈ ਪਰ ਗੁਆਂਢੀ ਨੂੰ ਮਿਲਣਾ ਵਿਸਾਰ ਗਿਆ ਹੈ। ਪੁਲਾੜ ਜਿੱਤਣ ਦੇ ਦਾਅਵੇ ਕਰਦਾ ਹੈ ਪਰ ਅੰਦਰੋਂ ਨੈਤਿਕ ਤੌਰ ’ਤੇ ਹਾਰਿਆ ਹੋਇਆ ਹੈ। 36 ਪ੍ਰਕਾਰ ਦੇ ਭੋਜਨ ਹੋਣ ਦੇ ਬਾਵਜ਼ੂਦ ਭੁੱਖ ਨਹੀਂ ਮਿਟ ਰਹੀ। ਬੇਸ਼ੁਮਾਰ ਦੌਲਤਾਂ ਦੇ ਹੁੰਦਿਆਂ ਮਨੋਂ ਕੰਗਾਲੀਆ ਹੈ। ਜੀਵਨ ਵਿਹਾਰ ਦੌਰਾਨ ਮਨ ਤੇ ਦ੍ਰਿਸ਼ਟੀ ਮਿਸ਼ਨ ਵਿਚੋਂ ਕਮਿਸ਼ਨ ’ਤੇ ਲੱਗੀ ਹੈ, ਸੇਵਾ ਵਿਚ ਕਾਰੋਬਾਰੀ ਮੇਵਾ ਭਾਲਦਾ ਹੈ, ਰਾਮ ਦੀ ਥਾਂ ਕਾਮ ਭਾਰੂ ਹੈ, ਸੁਰ ਦੀ ਥਾਂ ਸ਼ੋਰ ਹੈ, ਭਜਨ ਦੀ ਥਾਂ ਭੋਜਨ ਪ੍ਰਧਾਨ ਹੈ, ਬੰਦਾ ਤਾਂ ਹੈ ਪਰ ਬੰਦਗੀ ਗਾਇਬ ਹੈ। ਸੋ ਅਜਿਹੇ ਸੰਤਾਪੇ ਸਮਿਆਂ ਵਿਚ ਪਰਉਪਕਾਰ ਦੇ ਬਲਿਦਾਨੀ, ‘ਹਿੰਦ ਦੀ ਚਾਦਰ’ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਚਿਤਵਿਆ ਜਾਣਾ ਬਣਦਾ ਹੈ ਜੋ ਸਿੱਖੀ, ਸੇਵਾ ਅਤੇ ਵਿਸ਼ਵ ਸ਼ਾਂਤੀ ਦੇ ਮਾਰਗਦਰਸ਼ਕ ਹਨ।

ਸੋ ਸਪੱਸ਼ਟ ਹੈ ਕਿ ਅਜਿਹੇ ਸੰਪ੍ਰਦਾਇਕ ਵੇਲਿਆਂ ਵਿਚ ਗੁਰੂ ਤੇਗ਼ ਬਹਾਦਰ ਜੀ ਇਕ ਅਜਿਹੇ ਪ੍ਰਤਿਮਾਨ ਹਨ ਜੋ ਮਾਨਵੀ ਭਾਈਚਾਰੇ ਨੂੰ ਸਾਰਥਿਕ ਦਿਸ਼ਾ ਤੇ ਦਸ਼ਾ ਦੇ ਸਕਦੇ ਹਨ। ਧਰਤੀ ਨੂੰ ਧਰਮਸਾਲ ਬਣਾਉਣ ਦੀ ਜਾਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਆਦਰਸ਼ਾਂ ਤੋਂ ਸਿੱਖੀ ਜਾ ਸਕਦੀ ਹੈ। ਨਿਰੰਸਦੇਹ ਇਹ ਉਹ ਜੀਵਨ ਸੇਧ ਹੈ ਜੋ ਕਾਲ ਦੇ ਭੈਅ ਤੋਂ ਮੁਕਤ ਕਰਵਾਉਂਦੀ ਹੈ ਅਤੇ ‘ਅਕਾਲ’ ਨਾਲ ਜੋੜਦੀ ਹੈ। ਇਸੇ ਵਿਚ ਹੀ ਮਨੁੱਖ ਦੀ ਮੁਕਤੀ ਅਤੇ ਸਮਾਜਕ ਕਲਿਆਣ ਦਾ ਅਕਸ਼ ਹੈ। ਗੁਰੂ ਸਾਹਿਬ ਜੀ ਦਾ ਜੀਵਨ ਆਦਰਸ਼ ਅਤੇ ਬਾਣੀ ਇਕ ਅਜਿਹੀ ਮਘਦੀ ਜੋਤ ਹੈ ਜੋ ਮਨੁੱਖ ਦੀ ਧੁਰ ਅੰਤਰ ਆਤਮਾ ਵਿਚ ਚਾਨਣ ਨੂੰ ਰੁਸ਼ਨਾਉਂਦੀ ਹੈ, ਮਨ ਦੇ ਕਾਲ਼ੇ ਪਹਿਰਾਂ ’ਤੇ ਚਾਨਣ ਦਾ ਛਿੱਟਾ ਦਿੰਦੀ ਹੈ, ਸਰਾਪੇ ਮਨ ਦੀਆਂ ਖ਼ਾਮੋਸ਼ੀਆਂ ਨੂੰ ਖੰਭ ਲਗਾਉਂਦੀ ਹੈ ਅਤੇ ਮਨ ਦੀ ਧੁਆਂਖੀ ਧਰਤੀ ਦੀ ਕਾਲਖ਼ ਧੌਂਦੀ ਹੈ। ਇਸੇ ਜੀਵਨ ਤੋਂ ਪ੍ਰੇਰਿਤ ਹੋ ਕੇ ਇਕ ਸੰਤੁਲਿਤ ਸਮਾਜ ਅਤੇ ਸੁਨਿਹਰੇ ਮਾਨਵੀ ਭਵਿੱਖ ਦੀ ਕਲਪਨਾ ਕੀਤੀ ਜਾ ਸਕਦੀ ਹੈ। ਆਓ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਆਦਰਸ਼, ਬਾਣੀ ਅਤੇ ਬਾਣੇ ਤੋਂ ਸੇਧ ਲੈਂਦੇ ਹੋਏ ਚੰਗੇਰੇ ਸਮਾਜ ਦੀ ਸਿਰਜਣਾ ਕਰਕੇ ਆਪਣਾ ਜੀਵਨ ਸਾਕਾਰ ਕਰੀਏ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਹਵਾਲੇ ਅਤੇ ਟਿੱਪਣੀਆਂ**

1. ਰਾਗ ਆਸਾ, ਮ: ੧, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 471
2. ਸਲੋਕ ਵਾਰਾਂ ਤੇ ਵਧੀਕ, ਮ: ੧, ਉਹੀ, ਅੰਗ 1412
3. ਰਾਗ ਮਾਝ, ਮ: ੧, ਉਹੀ, ਅੰਗ 142
4. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਗਰ ਮਹਾਨ ਕੋਸ਼, ਪੰਨਾ 139
5. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1364
6. ਉਹੀ, ਅੰਗ 484
7. ਸਲੋਕ ਮ: ੯, ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427
8. ਰਾਗ ਗਉੜੀ, ਮ: ੯, ਉਹੀ, ਅੰਗ 219
9. ਉਹੀ
10. ਉਹੀ
11. ਉਹੀ
12. ਉਹੀ
13. ਉਹੀ, ਅੰਗ 220
14. ਰਾਗ ਦੇਵਗੰਧਾਰੀ, ਮ: ੯, ਉਹੀ, ਅੰਗ 536
15. ਸੋਰਠਿ, ਮ: ੯, ਉਹੀ, ਅੰਗ 634
16. ਬਿਲਾਵਲੁ, ਮ: ੯, ਉਹੀ, ਅੰਗ 830
17. ਸਲੋਕ ਮਹਲਾ ੯, ਉਹੀ, ਅੰਗ 1427
18. ਉਹੀ, ਅੰਗ 1427-1428
19. ਉਹੀ, ਅੰਗ 1429


© Copyright @ Authors